# ਹਰਿ ਸੰਤੁ ਕਰੇ ਸੋਈ ਪਰਵਾਣੁ

ਰਾਮਕਲੀ ਮਹਲਾ ੫ ॥
ਤੇਰੈ ਕਾਜਿ ਨ ਗ੍ਰਿਹੁ ਰਾਜੁ ਮਾਲੁ ॥
ਤੇਰੈ ਕਾਜਿ ਨ ਬਿਖੈ ਜੰਜਾਲੁ ॥
ਇਸਟ ਮੀਤ ਜਾਣੁ ਸਭ ਛਲੈ ॥
ਹਰਿ ਹਰਿ ਨਾਮੁ ਸੰਗਿ ਤੇਰੈ ਚਲੈ ॥੧॥

ਇਹ ਸ਼ਬਦ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਨੇ ਰਾਮਕਲੀ ਰਾਗ ਵਿਚ ਉਚਾਰਣ ਕੀਤਾ ਹੈ ਅਤੇ ਪੰਨਾ ੮੮੯ ਤੇ ਸੁਭਾਇਮਾਨ ਹੈ। ਇਸ ਸ਼ਬਦ ਵਿਚ ਗੁਰਮਤਿ ਦੇ ਦੋਨਾਂ ਥੰਮ੍ਹਾਂ - ਸਿਮਰਨ ਅਤੇ ਸਾਧੂ ਸੰਗਤ, ਦਾ ਇਕੱਠਿਆਂ ਉਪਦੇਸ਼ ਦਿਤਾ ਗਿਆ ਹੈ।

ਸ਼ਬਦ ਦੇ ਪਹਿਲੇ ਪਦੇ ਵਿਚ ਮਨੁਖ ਨੂੰ ਖ਼ਬਰਦਾਰ ਕੀਤਾ ਹੈ ਕਿ ਤੇਰੇ ਇਹ ਘਰ, ਰਾਜ, ਮਾਲ, ਭਾਵ, ਸੰਪਤੀ ਕਿਸੇ ਕੰਮ ਨਹੀਂ ਆਉਣੇ।

ਤੇਰੇ ਇਹ ਕੀਤੇ ਗਏ ਕੰਮ ਵੀ ਤੇਰੇ ਲਈ ਬਿਖ ਦਾ ਹੀ ਜੰਜਾਲ, ਭਾਵ, ਦੁਖਾਂ ਦੇ ਝਮੇਲੇ ਹਨ।

ਇਹ ਸਭ ਤੇਰੇ ਅਖਵਾਉਂਦੇ, ਪਿਆਰੇ, ਮਿਤਰ ਆਦਿ ਸਿਰਫ਼ ਛਲ ਦਾ ਹੀ ਰੂਪ ਹਨ।

ਤੇਰੇ ਨਾਲ ਚਲਣ ਜਾਂ ਨਿਭਣ ਵਾਲਾ ਸਿਰਫ਼ ਪ੍ਰਭੂ ਦਾ ਨਾਮ ਹੈ।੧।

ਅਜਿਹਾ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ, ਪੰਨਾ ੧੨੩੧ ਤੇ ਫ਼ੁਰਮਾਣ ਹੈ - 'ਹਰਿ ਬਿਨੁ ਤੇਰੋ ਕੋ ਨ ਸਹਾਈ।। ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ।।'

## ਰਾਮ ਨਾਮ ਗੁਣ ਗਾਇ ਲੇ ਮੀਤਾ ਹਰਿ ਸਿਮਰਤ ਤੇਰੀ ਲਾਜ ਰਹੈ ॥
## ਹਰਿ ਸਿਮਰਤ ਜਮੁ ਕਛੁ ਨ ਕਹੈ ॥੧॥ ਰਹਾਉ ॥

ਇਸ ਲਈ ਹੇ ਮੇਰੇ ਮਿਤਰ ! ਰਾਮ ਨਾਮ ਦੇ ਸਿਮਰਨ ਦੇ ਰੂਪ ਵਿਚ ਪ੍ਰਭੂ ਦੇ ਗੁਣਾਂ ਦਾ ਗਾਇਨ ਕਰ ਲੈ, ਕਿਉਂਕਿ ਇਸੇ ਹਰੀ ਪ੍ਰਭੂ ਦੇ ਸਿਮਰਨ ਨਾਲ, ਉਸ ਵਾਹਿਗੁਰੂ ਦੇ ਦਰਬਾਰ ਵਿਚ ਤੇਰੀ ਲਾਜ ਰਹਿ ਜਾਏਗੀ। ਕਿਉਂਕਿ ਹਰੀ ਦੇ ਸਿਮਰਨ ਸਦਕਾ ਹੀ ਹੈ ਕਿ ਇਸ ਜੀਵਨ ਉਪਰੰਤ, ਜਮ ਕੁਝ ਨਹੀਂ ਕਹਿ ਸਕਦਾ।੧।ਰਹਾਉ।

ਇਸੇ ਤਰ੍ਹਾਂ ਪੰਜਵੇਂ ਪਾਤਸ਼ਾਹ, ੧੭੮ ਪੰਨੇ ਤੇ ਵੀ ਹੋਰ ਸਾਵਧਾਨ ਕਰਦੇ ਹਨ ਕਿ ਗੁਰ ਸ਼ਬਦ ਦੇ ਜਾਪ ਰਾਹੀਂ ਅੰਮ੍ਰਿਤ ਰਸ ਚਖਣ ਨਾਲ ਪ੍ਰਭੂ ਆਪ ਹੀ ਕਿਰਪਾ ਕਰਕੇ ਲਾਜ ਰਖ ਲੈਂਦਾ ਹੈ – 'ਗੁਰ ਕਾ ਸਬਦੁ ਅੰਮ੍ਰਿਤ ਰਸੁ ਚਾਖੁ।।... ਕਰਿ ਕਿਰਪਾ ਰਾਖੈ ਆਪਿ ਲਾਜ।।'

ਇਕ ਹੋਰ ਬਚਨ ਕਰਕੇ ਸਮਝਾਇਆ ਹੈ ਕਿ ਇਸ ਜੀਵਨ ਉਪਰੰਤ ਦਾ ਮਾਰਗ ਬਹੁਤ ਬਿਖਮ ਤੇ ਡਰਾਉਣਾ ਹੈ ਇਸ ਕਰਕੇ ਹੇ ਮੇਰੇ ਮਿਤਰ ! ਪਹਿਲਾਂ ਹੀ ਨਾਮ ਜਪ ਲੈ – 'ਹਰਿ ਨਾਮੁ ਲੇਹੁ ਮੀਤਾ ਆਗੈ ਬਿਖਮ ਪੰਥੁ ਭੈਆਨ।।' ਪੰਨਾ ੨੧੪.

## ਬਿਨੁ ਹਰਿ ਸਗਲ ਨਿਰਾਰਥ ਕਾਮ ॥
## ਸੁਇਨਾ ਰੁਪਾ ਮਾਟੀ ਦਾਮ ॥
## ਗੁਰ ਕਾ ਸਬਦੁ ਜਾਪਿ ਮਨ ਸੁਖਾ ॥
## ਈਹਾ ਊਹਾ ਤੇਰੋ ਊਜਲ ਮੁਖਾ ॥੨॥

ਹਰੀ ਦੇ ਨਾਮ ਸਿਮਰਨ ਤੋਂ ਬਿਨਾਂ ਹੋਰ ਸਾਰੇ ਕੰਮ ਨਿਰਾਰਥਕ ਹਨ। ਸੋਨਾ ਤੇ ਚਾਂਦੀ ਵੀ ਮਿਟੀ ਸਮਾਨ ਹਨ। ਸ੍ਰੀ ਗੁਰੂ ਨਾਨਕ ਸਾਹਿਬ ਵੀ ਅਜਿਹਾ ਹੀ ਫੁਰਮਾਣ ਕਰਦੇ ਹਨ ਕਿ ਵਾਹਗੁਰੂ ਦੇ ਨਾਮ ਬਿਨਾਂ ਸੋਨਾ ਚਾਂਦੀ ਤਾਂ ਨਾਲ ਨਹੀਂ ਜਾਣਾ, ਸਭ ਮਿਟੀ ਵਿਚ ਰਲ ਜਾਣਾ ਹੈ – 'ਸੁਇਨਾ ਰੁਪਾ ਸਭ ਧਾਤੁ ਹੈ ਮਾਟੀ ਰਲਿ ਜਾਈ।। ਬਿਨੁ ਨਾਵੈ ਨਾਲਿ ਨ ਚਲਈ ਸਤਿਗੁਰਿ ਬੂਝ ਬੁਝਾਈ।।'
ਗੁਰੂ ਦੁਆਰਾ ਦਿਤਾ ਸ਼ਬਦ, ਭਾਵ, ਗੁਰਮੰਤਰ ਦਾ ਜਾਪ ਜਪ ਕੇ ਹੀ ਮਨ ਨੂੰ ਅਸਲ ਸੁਖ ਦੀ ਪ੍ਰਾਪਤੀ ਹੁੰਦੀ ਹੈ।
ਅਤੇ ਇਸ ਨਾਲ ਹੀ ਇਸ ਸੰਸਾਰ ਵਿਚ ਅਤੇ ਅਗਲੇ ਸੰਸਾਰ ਵਿਚ ਵੀ ਮਨੁਖ ਦਾ ਮੁਖ ਉਜਲਾ ਹੋ ਜਾਂਦਾ ਹੈ, ਭਾਵ, ਸਨਮਾਨ ਮਿਲਦਾ ਹੈ।੨।
ਪੰਜਵੇਂ ਪਾਤਸ਼ਾਹ, ੯੨੫ ਪੰਨੇ ਤੇ ਵੀ, ਅਜਿਹਾ ਹੀ ਫੁਰਮਾਣ ਕਰਦੇ ਹਨ ਕਿ ਗੁਰਸ਼ਬਦ, ਭਾਵ, ਗੁਰਮੰਤਰ ਰਾਹੀਂ ਹਰੀ ਦੇ ਨਾਮ ਦੇ ਸਿਮਰਣ ਨਾਲ ਸਾਰੇ ਦੋਖ ਅਤੇ ਕਿਲਵਿਖ, ਭਾਵ, ਸਧਾਰਣ ਤੌਰ ਤੇ ਨਾ ਮਾਫ਼ ਹੋ ਸਕਣ ਵਾਲੇ ਪਾਪ ਵੀ ਨਾਸ ਹੋ ਜਾਂਦੇ ਹਨ – 'ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰ ਮੰਤਨ ਕੈ।।'

ਕਰਿ ਕਰਿ ਥਾਕੇ ਵਡੇ ਵਡੇਰੇ ॥
ਕਿਨ ਹੀ ਨ ਕੀਏ ਕਾਜ ਮਾਇਆ ਪੂਰੇ ॥
ਹਰਿ ਹਰਿ ਨਾਮੁ ਜਪੈ ਜਨੁ ਕੋਇ ॥
ਤਾ ਕੀ ਆਸਾ ਪੂਰਨ ਹੋਇ ॥੩॥

ਇਸ ਦੁਨੀਆਂ ਦੇ ਮੋਹ ਮਾਇਆ ਦੇ ਕੰਮ ਸਾਰੇ ਸਾਡੇ ਵਡੇ ਵਡੇਰੇ ਕਰ ਕਰ ਕੇ ਥਕ ਕੇ ਚਲੇ ਗਏ ;
ਪਰ ਕੀ ਉਹ ਸਾਰੇ, ਇਹ ਕੰਮ ਪੂਰਾ ਕਰ ਸਕੇ?
ਅਸਲ ਵਿਚ ਤਾਂ ਜੋ ਕੋਈ ਵਿਰਲਾ ਮਨੁਖ, ਵਾਹਗੁਰੂ ਵਾਹਗੁਰੂ ਨਾਮ ਦਾ ਜਾਪ ਕਰਦਾ ਹੈ,
ਉਸ ਦੀਆਂ ਹੀ ਸਭ ਆਸਾਂ ਪੂਰੀਆਂ ਹੁੰਦੀਆਂ ਹਨ।੩।

ਹਰਿ ਭਗਤਨ ਕੋ ਨਾਮੁ ਅਧਾਰੁ ॥
ਸੰਤੀ ਜੀਤਾ ਜਨਮੁ ਅਪਾਰੁ ॥
ਹਰਿ ਸੰਤੁ ਕਰੇ ਸੋਈ ਪਰਵਾਣੁ ॥
ਨਾਨਕ ਦਾਸੁ ਤਾ ਕੈ
ਕੁਰਬਾਣੁ ॥੪॥੧੧॥੨੨॥

ਵਾਹਗੁਰੂ ਦੇ ਭਗਤਾਂ ਦਾ ਆਹਾਰ ਨਾਮ ਹੀ ਅਧਾਰ ਹੁੰਦਾ ਹੈ, ਉਨ੍ਹਾਂ ਨੂੰ ਜੀਵਨ ਨਿਰਬਾਹ ਲਈ ਕੋਈ ਹੋਰ ਹਵਾ, ਭੋਜਨ ਰੂਪੀ ਆਹਾਰ ਦੀ ਲੋੜ ਨਹੀਂ ਹੁੰਦੀ, ਭਾਵੇਂ ਉਹ ਸ੍ਰਿਸ਼ਟੀ ਦੇ ਨਿਯਮ ਅਨੁਸਾਰ ਭੋਜਨ ਆਹਾਰ ਲਈ ਵੀ ਜਾਣ।
ਹਰੀ ਦੇ ਨਾਮ ਨੂੰ ਹਿਰਦੇ ਵਿਚ ਵਸਾ ਲੈਣ ਦੇ ਫ਼ਲ-ਸਰੂਪ, ਸੰਤ ਜਨਾਂ ਨੇ ਇਸ ਮਨੁਖਾ ਜਨਮ ਵਿਚ ਆਉਣ ਦਾ ਮਨੋਰਥ ਸਫ਼ਲਤਾ ਪੂਰਵਕ ਸਿਧ ਕਰ ਲਿਆ ਹੁੰਦਾ ਹੈ।
ਸੰਤ ਰੱਬੀ ਅਵੱਸਥਾ ਤੇ ਪੁਜੇ ਹੁੰਦੇ ਹਨ, ਸੋ ਹਰੀ ਦਾ ਸੰਤ ਜੋ ਵੀ ਕਰੇ, ਉਹ ਖੁਸ਼ੀ ਨਾਲ ਪਰਵਾਨ ਕਰਨਾ ਚਾਹੀਦਾ ਹੈ ਕਿਉਂਕਿ ਭਗਤਾਂ ਦਾ ਕਿਹਾ ਪਰਵਾਨ ਕਰਣ ਜੋਗ ਹੁੰਦਾ ਹੈ ਅਤੇ ਉਨ੍ਹਾਂ ਦਾ ਬਚਨ ਪ੍ਰਭੂ ਦੀ ਦਰਗਾਹ ਵਿਚ ਵੀ ਪਰਵਾਨ ਹੁੰਦਾ ਹੈ – 'ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ।।' ਪੰਨਾ ੫੨੧.
ਪੰਜਵੇਂ ਨਾਨਕ, ੧੦੦ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਮੈਂ ਅਜਿਹੇ ਸੰਤਾ ਤੋਂ ਸਦਾ ਕੁਰਬਾਨ ਜਾਂਦਾ ਹਾਂ ਜਿਨ੍ਹਾਂ ਨੇ ਪ੍ਰਭੂ ਨੂੰ ਜਾਣ ਲਿਆ ਹੈ ਤੇ ਉਸਨੂੰ ਭਾਅ ਗਏ ਹਨ – 'ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ।। ਜਿਨ ਤੂ ਜਾਤਾ ਜੋ ਤੁਧੁ ਮਨਿ ਭਾਨੇ।।'